# ਉਲਟੀ ਅਤੇ ਦਸਤ ਨੂੰ ਸਾਫ ਕਰਨ ਸੰਬੰਧੀ ਗੱਲਾਂ

## ਤੁਹਾਨੂੰ ਇਸ ਸੰਬੰਧੀ ਇੱਕ ਸਫ਼ਾਈ ਯੋਜਨਾ ਦੀ ਲੋੜ ਕਿਉਂ ਹੁੰਦੀ ਹੈ:

ਉਲਟੀ ਅਤੇ ਦਸਤ ਦੀ ਸਫਾਈ ਨਿਯਮਤ ਸਫਾਈ ਨਾਲੋਂ ਵੱਖਰੀ ਹੁੰਦੀ ਹੈ। ਉਲਟੀ ਅਤੇ ਦਸਤ ਬਹੁਤ ਹੀ ਛੂਤਕਾਰੀ ਹੁੰਦੇ ਹਨ ਅਤੇ ਜੇ ਤੁਸੀਂ ਸਹੀ ਤਰੀਕੇ ਨਾਲ ਸਫਾਈ ਨਹੀਂ ਕਰਦੇ ਹੋ ਤਾਂ ਇਹ ਪੂਰੇ ਅਦਾਰੇ, ਤੁਹਾਡੇ ਕਰਮਚਾਰੀਆਂ ਅਤੇ ਤੁਹਾਡੇ ਗਾਹਕਾਂ ਵਿੱਚ ਹਾਨੀਕਾਰਕ ਕੀਟਾਣੂ ਫੈਲਾਉਣ ਦੀ ਸਮਰੱਥਾ ਰੱਖਦੇ ਹਨ। ਹਰੇਕ ਭੋਜਨ ਅਦਾਰੇ ਨੂੰ ਖਤਰੇ ਨੂੰ ਘੱਟ ਕਰਨ ਲਈ ਲਿਖਤੀ ਰੂਪ ਵਿੱਚ ਉਲਟੀ ਅਤੇ ਦਸਤ ਦੀ ਸਫਾਈ ਯੋਜਨਾ ਪ੍ਰਕਿਰਿਆਵਾਂ (WAC 246-215-02500) ਦੀ ਲੋੜ ਹੁੰਦੀ ਹੈ। ਕਰਮਚਾਰੀਆਂ ਨੂੰ ਪਹਿਲਾਂ ਤੋਂ ਸਿਖਲਾਈ ਦਿੱਤੀ ਜਾਣੀ ਲਾਜ਼ਮੀ ਹੈ ਅਤੇ ਲਿਖਤੀ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਵੀ ਲਾਜ਼ਮੀ ਹੁੰਦੀ ਹੈ।

## ਤੁਹਾਨੂੰ ਸਫਾਈ ਲਈ ਕੀ ਚਾਹੀਦਾ ਹੈ:







## ਜੇਕਰ ਕੋਈ ਉਲਟੀ ਜਾਂ ਦਸਤ ਦੀ ਘਟਨਾ ਹੋਵੇ ਤਾਂ ਇਹ ਕਦਮ ਚੁੱਕੋ:

1. ਅਦਾਰੇ ਤੋਂ ਸਾਰੇ ਬੀਮਾਰ ਗਾਹਕਾਂ ਜਾਂ ਭੋਜਨ ਕਰਮਚਾਰੀਆਂ ਨੂੰ ਬਾਹਰ ਕਰੋ। ਸਿਖਲਾਈ ਪ੍ਰਾਪਤ ਸਟਾਫ ਨੂੰ ਸਫਾਈ ਕਿੱਟ
2. ਗੰਦਗੀ ਵਾਲੀ ਥਾਂ ਤੋਂ 25 ਫੁੱਟ ਤੱਕ ਖੇਤਰ ਨੂੰ ਬੰਦ ਕਰੋ। ਭੋਜਨ ਸੇਵਾਵਾਂ ਨੂੰ 2 ਘੰਟਿਆਂ ਲਈ ਬੰਦ ਕਰੋ।
3. ਪ੍ਰਵਾਨਿਤ ਕੀਟਾਣੂਨਾਸ਼ਕ ਨਾਲ ਦੂਸ਼ਿਤ ਖੇਤਰ ਦਾ ਛਿੜਕਾਅ ਕਰੋ। ਬਲੀਚ ਦੇ ਘੋਲ ਲਈ ਪ੍ਰਤੀ ਗੈਲਨ ਪਾਣੀ ਵਿੱਚ 1/3 – $1^{1/2}$ ਕੱਪ ਬਲੀਚ ਹੋਣੀ ਚਾਹੀਦੀ ਹੈ।
4. ਵਾਧੂ ਸਮਗਰੀ, ਜਿਵੇਂ ਕਿ ਕਿਟੀ ਲਿਟਰ, ਬੇਕਿੰਗ ਸੋਡਾ ਜਾਂ ਕੌਫੀ ਦਾ ਦਾਣਿਆਂ ਨੂੰ ਗਿੱਲੇ ਖੇਤਰ ਨੂੰ ਸੋਖਣ ਲਈ ਗੰਦਗੀ ’ਤੇ ਫੈਲਾਓ।
5. ਡਿਸਪੋਸੇਬਲ ਜਾਂ ਸਫ਼ਾਈ ਵਾਲੇ ਸਕ੍ਰੈਪਰ ਨੂੰ ਵਰਤੋ ਅਤੇ ਠੋਸ ਸਮੱਗਰੀ ਨੂੰ ਕੂੜੇ ਵਾਲੇ ਬੈਗ ਵਿੱਚ ਸੁੱਟੋ। ਸਭ ਤੋਂ ਸਾਫ਼ ਥਾਂ ਤੋਂ ਲੈ ਕੇ ਸਭ ਤੋਂ ਦੂਸ਼ਿਤ ਥਾਂ ਤੱਕ ਸਫ਼ਾਈ ਕਰੋ।
6. ਖੇਤਰ ਨੂੰ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ ਅਤੇ ਫਿਰ ਦੂਸ਼ਿਤ ਥਾਂ 'ਤੇ ਕੀਟਾਣੂਨਾਸ਼ਕ ਦਾ ਛਿੜਕਾਅ ਕਰੋ। ਚੰਗੀ ਤਰ੍ਹਾਂ ਰੋਗਾਣੂ-ਮੁਕਤ ਹੋਣ ਲਈ ਇਸਨੂੰ 5-10 ਮਿੰਟ ਲੱਗਿਆ ਰਹਿਣ ਦਿਓ। ਸਾਫ਼
7. ਆਪਣਾ PPE ਕਿੱਟ ਉਤਾਰੋ ਅਤੇ ਇਸ ਨੂੰ ਕੂੜੇ ਦੇ ਬੈਗ ਵਿੱਚ ਸੁੱਟ ਦਿਓ। ਅਦਾਰੇ ਤੋਂ ਤੁਰੰਤ ਕੂੜੇ ਦੇ ਬੈਗ ਨੂੰ ਹਟਾਓ।
8. ਕਿਸੇ ਵੀ *ਮੁੜ ਵਰਤੋਂ ਯੋਗ* PPE ਨੂੰ ਭੋਜਨ ਤਿਆਰ ਕਰਨ ਲਈ ਨਹੀਂ ਵਰਤੇ ਜਾਣ ਵਾਲੇ ਉਸ ਖੇਤਰ ਵਿੱਚੋਂ ਰੱਖੋ ਜੋ ਸਫਾਈ ਜਾਂ ਰੋਗਾਣੂ-ਮੁਕਤ ਕਰਨ ਵਾਲਾ ਖੇਤਰ ਹੈ।
9. ਕੂੜੇ ਵਾਲੇ ਬੈਗ ਨੂੰ ਸੁੱਟ ਦਿਓ ਅਤੇ ਹੱਥ ਧੋਵੋ। ਘਟਨਾ ਦੀ ਸਫਾਈ ਕਰਨ ਵਾਲੇ ਸਟਾਫ ਨੂੰ ਖਾਣਾ ਬਣਾਉਣ ਲਈ ਵਾਪਸ ਜਾਣ ਤੋਂ ਪਹਿਲਾਂ ਨਹਾਉਣਾ ਚਾਹੀਦਾ ਹੈ ਅਤੇ ਕੱਪੜੇ ਬਦਲਣੇ ਚਾਹੀਦੇ ਹਨ।

ਕਰਮਚਾਰੀਆਂ ਨੂੰ ਘਟਨਾ ਤੋਂ ਬਾਅਦ 48 ਘੰਟਿਆਂ ਤੱਕ ਲੱਛਣਾਂ ਲਈ ਖੁਦ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

ਕਰਮਚਾਰੀਆਂ ਨੂੰ ਕਿਸੇ ਵੀ ਲੱਛਣ ਜਾਂ ਨਿਦਾਨ ਦੀ ਰਿਪੋਰਟ ਆਪਣੇ ਇੰਚਾਰਜ ਕਰਮਚਾਰੀ ਨੂੰ ਕਰਨੀ ਲਾਜ਼ਮੀ ਹੈ।

SNOHOMISH COUNTY HEALTH DEPARTMENT

**ਭੋਜਨ ਸੁਰੱਖਿਆ ਪ੍ਰੋਗਰਾਮ (Food Safety Program)**
**3020 Rucker Avenue, Suite 104, Everett, WA 98201-3900**
**Food.Safety@snoco.org · 425.339.8730**
**SHD-FoodIllnessComplaints@snoco.org · 425.339.8680**

Punjabi 6.13.24

ਸਾਡੇ ਸਿੱਖਿਆ ਸਰੋਤ (Educational Resources) ਪੰਨੇ 'ਤੇ ਜਾਣ ਲਈ QR ਕੋਡ ਨੂੰ ਵਰਤੋ।